# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

(ਕਾਲਜ ਸੈਕਸ਼ਨ)

ਸਰਕਾਰੀ ਬ੍ਰਿਜਿੰਦਰਾ ਕਾਲਜ
ਪ੍ਰਾਪਤੀ ਨੰ. 777
5/7/19
ਫਰੀਦਕੋਟ

ਨੰ. ........2008........../ਕਾਲਜਾਂ/ਸ-1

ਮਿਤੀ .......1.6.14......../2018

1. ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ
2. ਡਾਇਰੈਕਟਰ, ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜਿਜ਼ ਨੂੰ (ਕਾਂਸਟੀਚੂਐਂਟ ਕਾਲਜਾਂ ਨੂੰ ਸਰਕੂਲੇਟ ਕਰਨ ਹਿਤ)

ਵਿਸ਼ਾ: ਸੈਸ਼ਨ 2019-20 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ਲਾਅ/ਮੈਨੇਜਮੈਂਟ/ਟੈਕਨਾਲੋਜੀ/ਡਿਗਰੀ ਅਤੇ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਸੈਸ਼ਨ 2019-20 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ ਲਾਅ/ਮੈਨੇਜਮੈਂਟ/ ਟੈਕਨਾਲੋਜੀ/ ਡਿਗਰੀ ਅਤੇ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ ਨਿਮਨਲਿਖਤ ਅਨੁਸਾਰ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

1. ਸਮੂਹ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ:

| | | |
|---|---|---|
| 1. | ਗਰਮੀ ਦੀਆਂ ਛੁੱਟੀਆਂ | 27.5.2019 ਤੋਂ 06.7.2019 |
| 2. | ਸਰਦੀ ਦੀਆਂ ਛੁੱਟੀਆਂ | 26.12.2019 ਤੋਂ 10.1.2020 |

(ਨੋਟ: ਪੱਤਝੜ ਦੀਆਂ ਛੁੱਟੀਆਂ ਦੀ ਮੌਜੂਦਾ ਸਮੇਂ ਲੋੜ ਨਾ ਹੋਣ ਨੂੰ ਮੁੱਖ ਰੱਖਦੇ ਹੋਏ ਇਹ ਛੁੱਟੀਆਂ ਖਤਮ ਕਰਦੇ ਹੋਏ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਵਿਚ ਸ਼ਾਮਲ ਕਰ ਦਿੱਤੀਆਂ ਗਈਆਂ ਹਨ)

ਦਾਖਲਿਆਂ ਦਾ ਸ਼ਡਿਊਲ:

ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ਮੈਨੇਜਮੈਂਟ/ਟੈਕਨਾਲੋਜੀ/ਲਾਅ ਕੋਰਸਾਂ ਜਾਂ ਕੋਈ ਹੋਰ ਕੋਰਸਾਂ ਦੇ ਦਾਖਲੇ, ਜੋ ਕੇਂਦਰੀ ਦਾਖਲਾ ਏਜੰਸੀ/ ਪੰਜਾਬ ਸਰਕਾਰ ਵਲੋਂ ਐਂਟਰੈਂਸ ਟੈਸਟ/ਆਨ ਲਾਈਨ ਪ੍ਰਕਿਰਿਆ ਰਾਹੀਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਦੇ ਦਾਖਲਿਆਂ ਦਾ ਸ਼ਡਿਊਲ ਯੂਨੀਵਰਸਿਟੀ ਵਲੋਂ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਫਿਜ਼ੀਕਲ ਐਜੂਕੇਸ਼ਨ ਕਾਲਜਾਂ ਵਿੱਚ ਯੂਨੀਵਰਸਿਟੀ ਪੱਧਰ ਦੇ ਚੱਲ ਰਹੇ ਫਿਜ਼ੀਕਲ ਕੋਰਸਾਂ (ਬੀ.ਪੀ.ਈ. ਤਿੰਨ ਸਾਲਾ ਅਤੇ ਪੀ.ਜੀ. ਡਿਪਲੋਮਾ ਆਦਿ) ਦੇ ਭਾਗ ਪਹਿਲਾ/ਐਂਟਰੀ ਪੁਆਇੰਟ ਦੇ ਦਾਖਲੇ (ਪਾਰਦਰਸ਼ੀ ਢੰਗ ਨਾਲ) ਹੇਠ ਲਿਖੀਆਂ ਨਿਰਧਾਰਤ ਮਿਤੀਆਂ ਅਨੁਸਾਰ ਕਰਨ ਤੋਂ ਪਹਿਲਾਂ ਸਬੰਧਤ ਕਾਲਜ ਨੂੰ, ਡੀਨ ਕਾਲਜ ਵਿਕਾਸ ਕੌਂਸਲ ਤੋਂ ਨੁਮਾਇੰਦਾ ਨਾਮਜ਼ਦ ਕਰਨ ਹਿੱਤ ਬੇਨਤੀ ਪੱਤਰ ਭੇਜਣਾ ਲਾਜ਼ਮੀ ਹੋਵੇਗਾ ਤਾਂ ਜੋ ਨਾਮਜ਼ਦ ਹੋਏ ਨੁਮਾਇੰਦੇ ਦੀ ਮੌਜੂਦਗੀ ਵਿੱਚ ਦਾਖਲੇ ਕੀਤੇ ਜਾ ਸਕਣ।

2. ਆਰਟਸ/ਸਾਇੰਸ/ਕਾਮਰਸ/ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜਾਂ ਵਿਖੇ ਦਾਖਲਿਆਂ ਦਾ ਸ਼ਡਿਊਲ:-

| | | |
|---|---|---|
| i) | ਕਾਲਜ ਖੁੱਲਣ ਦੀ ਮਿਤੀ | 08.07.2019 |
| ii) | ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ | 09.07.2019 ਤੋਂ 20.07.2019 ਤੱਕ (ਬਿਨਾਂ ਲੇਟ ਫੀਸ) |
| iii) | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 22.07.19 ਤੋਂ 31.07.19 ਤੱਕ |
| iv) | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 01.08.19 ਤੋਂ 09.08.19 ਤੱਕ |
| v) | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 10.08.19 ਤੋਂ 20.08.19 ਤੱਕ |
| vi) | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 21.08.19 ਤੋਂ 31.08.19 ਤੱਕ |

3. ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2018-19 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੇ ਹਨ, ਪਾਸ ਕਰਨ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2019-20 ਦੇ ਦਾਖਲਿਆਂ ਦਾ ਸ਼ਡਿਊਲ:-

| | | |
|---|---|---|
| 1. | ਬਿਨਾਂ ਲੇਟ ਫੀਸ ਦਾਖਲਾ | (i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 15 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 2. | 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 3. | 1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii) ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |
| 4. | 2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv) ਉਪਰੋਕਤ (iii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ* |

* ਇਹ ਸੁਵਿਧਾ ਸਮੈਸਟਰ ਪ੍ਰਣਾਲੀ ਲਈ 31 ਅਗਸਤ 2019 ਅਤੇ ਸਲਾਨਾ ਪ੍ਰਣਾਲੀ ਲਈ 30 ਨਵੰਬਰ 2019 ਤੱਕ ਹੋਵੇਗੀ। ਇਨ੍ਹਾਂ ਮਿਤੀਆਂ ਉਪਰੰਤ ਕਿਸੇ ਵੀ ਕੋਰਸ/ਕਲਾਸ ਵਿੱਚ ਦਾਖਲੇ ਦੀ ਸੁਵਿਧਾ/ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਸਮੈਸਟਰ ਪ੍ਰਣਾਲੀ ਦੀ ਪੜ੍ਹਾਈ (ਜਿਨ੍ਹਾਂ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਹੈ)

| For Odd Semester | For Even Semester |
| --- | --- |
| 1. ਸਮੈਸਟਰਾਂ ਦੀ ਪੜ੍ਹਾਈ 20.7.2019 ਤੋਂ 20.11.2019 | 3. ਸਮੈਸਟਰਾਂ ਦੀ ਪੜ੍ਹਾਈ 11.1.2020 ਤੋਂ 04.5.2020 |
| 2. ਸਮੈਸਟਰਾਂ ਦੇ ਇਮਤਿਹਾਨ 26.11.2019 | 4. ਸਮੈਸਟਰਾਂ ਦੇ ਇਮਤਿਹਾਨ 05.05.2020 |

ਫਿਜ਼ੀਕਲ ਐਜੂਕੇਸ਼ਨ ਕੋਰਸਾਂ ਦੇ ਦਾਖਲੇ ਸਬੰਧਤ ਕਾਲਜਾਂ ਵਲੋਂ ਲਏ ਜਾਣ ਵਾਲੇ B.P.E.S. ਐਫੀਸੈਂਸੀ ਟੈਸਟ ਦਾਖਲਿਆਂ ਦੇ ਸ਼ਡਿਊਲ ਤੋਂ ਪਹਿਲਾਂ ਆਪਣੇ ਪੱਧਰ ਤੇ ਕਰਵਾਏ ਜਾਣਗੇ।

ਜ਼ਰੂਰੀ ਨੁਕਤੇ:-

A. ਸੈਸ਼ਨ 2019-20 ਤੋਂ Even Semester ਦੀਆਂ ਪ੍ਰੀਖਿਆਵਾਂ 05.05.2020 ਤੋਂ ਕਰਵਾਈਆਂ ਜਾਣਗੀਆਂ।

B. ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ ਦੇ ਕੋਰਸਾਂ ਦੇ ਪ੍ਰੈਕਟੀਕਲ ਕਰਵਾਉਣ ਦੀਆਂ ਮਿਤੀਆਂ ਸਬੰਧੀ ਕੰਟਰੋਲਰ (ਪ੍ਰੀਖਿਆਵਾਂ) ਵਲੋਂ ਤੈਅ ਕੀਤੇ ਜਾਣ ਉਪਰੰਤ ਸਬੰਧਤ ਕਾਲਜਾਂ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

C. ਸੈਸ਼ਨ 2019-20 ਤੋਂ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 14 ਦਿਨਾਂ ਦੇ ਅੰਦਰ-ਅੰਦਰ ਪੁਨਰ ਮੁਲਾਂਕਣ ਲਈ ਅਪਲਾਈ ਕਰਨਾ ਲਾਜ਼ਮੀ ਹੋਵੇਗਾ।

D. ਵਿਦਿਆਰਥੀਆਂ ਦੀ ਇੰਟਰਨਲ ਅਸੈਸਮੈਂਟ ਅਤੇ ਅਵਾਰਡ ਆਨ-ਲਾਈਨ ਅਪਲਾਈ ਕਰਨ ਲਈ ਕੰਟਰੋਲਰ (ਪ੍ਰੀਖਿਆਵਾਂ) ਵਲੋਂ ਆਪਣੇ ਪੱਧਰ ਤੇ ਕਾਰਵਾਈ ਕੀਤੀ ਜਾਵੇਗੀ।

E. ਪ੍ਰੀਖਿਆ ਫਾਰਮ ਭਰਨ ਦੀ ਆਖਰੀ ਮਿਤੀ ਨਿਸਚਿਤ ਕਰਨ ਸਬੰਧੀ ਕਾਰਵਾਈ ਕੰਟਰੋਲਰ(ਪ੍ਰੀਖਿਆਵਾਂ) ਵਲੋਂ ਕੀਤੀ ਜਾਵੇਗੀ।

ਉਪਰੋਕਤ ਲੜੀ ਨੰ: A to E ਤੱਕ ਨੁਕਤਿਆਂ ਸਬੰਧੀ ਕੰਟਰੋਲਰ(ਪ੍ਰੀਖਿਆਵਾਂ) ਵਲੋਂ ਮਿਤੀਆਂ ਨਿਸ਼ਚਿਤ ਕਰਨ ਉਪਰੰਤ ਕਾਲਜਾਂ ਨੂੰ ਸੂਚਿਤ ਕੀਤਾ ਜਾਵੇਗਾ।

ਡਿਸਟੈਂਸ ਐਜੂਕੇਸ਼ਨ ਰਾਹੀਂ ਕੋਈ ਕੋਰਸ/ਡਿਗਰੀ ਕਰ ਰਹੇ ਵਿਦਿਆਰਥੀ (ਡਿਸਟੈਂਸ ਐਜੂਕੇਸ਼ਨ ਵਿਭਾਗ ਵਾਲੇ ਵਿਦਿਆਰਥੀ, ਵਿਭਾਗ ਤੋਂ 'ਕੋਈ ਇਤਰਾਜ ਨਹੀਂ' ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ) ਕਾਲਜਾਂ ਵਿਖੇ ਅਤੇ ਕਾਲਜਾਂ ਦੇ ਰੈਗੂਲਰ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਵਿਭਾਗ ਵਿਖੇ (ਕਾਲਜ ਤੋਂ 'ਕੋਈ ਇਤਰਾਜ ਨਹੀਂ' ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ) ਦਾਖਲਾ ਲੈ ਸਕਦੇ ਹਨ। ਪ੍ਰੰਤੂ ਇਨ੍ਹਾਂ ਦੀ ਪਾਤਰਤਾ ਸ਼ਰਤਾਂ ਚੈੱਕ ਕਰਨ ਦੀ ਜ਼ਿੰਮੇਵਾਰੀ ਸਬੰਧਤ ਸੰਸਥਾ/ਕਾਲਜ ਦੀ ਹੋਵੇਗੀ। ਅਜਿਹੇ ਵਿਦਿਆਰਥੀਆਂ (ਕੇਵਲ ਸਮੈਸਟਰ ਪ੍ਰਣਾਲੀ) ਨੂੰ ਸਿਲੇਬਸ ਬਰਾਬਰ/ਇਕ ਸਾਮਾਨ ਹੋਣ ਦੀ ਸੂਰਤ ਵਿੱਚ ਕੋਈ ਵੀ ਡੈਫੀਸ਼ੈਂਟ ਪੇਪਰ ਪਾਸ ਕਰਨਾ ਨਹੀਂ ਹੋਵੇਗਾ ਪਰੰਤੂ ਜੇਕਰ ਸਿਲੇਬਸ ਇੱਕ ਸਮਾਨ ਨਹੀਂ ਹੈ ਤਾਂ ਡੈਫੀਸ਼ੈਂਟ ਪੇਪਰ ਪਾਸ ਕਰਨੇ ਹੋਣਗੇ।

ਜ਼ਰੂਰੀ ਹਦਾਇਤਾਂ:-

1. ਸੈਸ਼ਨ 2019-20 ਤੋਂ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ। ਪਰੰਤੂ ਨਿਰਧਾਰਿਤ ਮਿਤੀਆ ਤੱਕ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ ਪਰੰਤੂ ਇਸ ਦੀ ਪ੍ਰਵਾਨਗੀ ਉਕਤ ਮਿਤੀਆ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ। ਜੇਕਰ ਕੋਈ ਕਾਲਜ ਕਿਸੇ ਵੀ ਕਲਾਸ ਵਿੱਚ ਅਯੋਗ ਵਿਦਿਆਰਥੀ ਦਾ ਦਾਖਲਾ ਕਰਦਾ ਹੈ ਤਾਂ ਵਿਦਿਆਰਥੀ ਦਾ ਦਾਖਲਾ ਰੱਦ ਕਰਦੇ ਹੋਏ, ਕਾਲਜ ਵਿਰੁੱਧ ਸਖਤ ਕਾਰਵਾਈ ਕਰਦੇ ਹੋਏ, 50,000/-ਰੁ: ਪ੍ਰਤੀ ਵਿਦਿਆਰਥੀ ਜੁਰਮਾਨਾ ਲਗਾਇਆ ਜਾਵੇਗਾ। ਵਿਦਿਆਰਥੀ ਦਾ ਦਾਖਲਾ ਰੱਦ ਹੋਣ ਦੀ ਸੂਰਤ ਵਿੱਚ ਕੋਰਟ ਕੇਸ ਹੁੰਦਾ ਹੈ ਤਾਂ ਇਸ ਦੀ ਸਾਰੀ ਜਿੰਮੇਵਾਰੀ ਕਾਲਜ/ਮੈਨੇਜਮੈਂਟ ਦੀ ਹੋਵੇਗੀ।

2. ਬੀ.ਏ ਸਮੈਸਟਰ ਪਹਿਲਾ ਵਿੱਚ ਇੱਕ ਚੋਣਵਾਂ ਵਿਸ਼ਾ ਦਾਖਲੇ ਦੀ ਮਿਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਕਾਲਜ ਪੱਧਰ ਤੇ ਹੀ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵਲੋਂ ਵਿਚਾਰਿਆ ਜਾਵੇਗਾ।

3. (i) ਵਿਦਿਆਰਥੀਆਂ ਨੂੰ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ/ਪ੍ਰੀਖਿਆ ਦੇਣ ਦੀ ਪ੍ਰਵਾਨਗੀ ਆਰਡੀਨੈਂਸ ਵਿੱਚ ਦਰਜ ਸ਼ਰਤਾ ਅਨੁਸਾਰ ਹੀ ਦਿੱਤੀ ਜਾਵੇਗੀ।ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚਿਆਂ ਦੇ ਕੇਸਾਂ ਵਿੱਚ ਐਫੀਡੈਵਿਟ ਦੀ ਥਾਂ ਤੇ ਕੇਵਲ ਆਰਮੀ ਵਿੱਚ ਹੋਣ ਜਾਂ ਰਿਟਾਇਰਡ ਹੋਣ ਦਾ ਸਬੂਤ, ਮੈਟ੍ਰਿਕ ਅਤੇ 10+2 ਦੇ ਸਰਟੀਫਿਕੇਟ ਦੀ ਕਾਪੀ ਸਮੇਤ ਭੇਜਿਆ ਜਾਵੇ।ਅਧੂਰੇ ਕੇਸਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

(ii) ਜਿਹੜੇ ਵਿਦਿਆਰਥੀ (ਕੋਈ ਵੀ ਕਲਾਸ) ਹੋਰ ਯੂਨੀਵਰਸਿਟੀ ਤੋਂ ਮਾਈਗ੍ਰੇਟ ਹੋਣ ਉਪਰੰਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਕਾਲਜਾਂ ਵਿਖੇ ਦਾਖਲਾ ਲੈਂਦੇ ਹਨ ਅਜਿਹੇ ਵਿਦਿਆਰਥੀਆਂ ਦੇ ਡੈਫੀਸੈਂਟ ਪੇਪਰਾਂ ਦੀ ਜਾਣਕਾਰੀ/ਪ੍ਰਵਾਨਗੀ ਸਬੰਧੀ ਕਾਲਜਾਂ ਵਲੋਂ ਪੂਰਾ ਕੇਸ (ਦੋਵਾਂ ਯੂਨੀਵਰਸਿਟੀਆਂ ਦੇ ਸਿਲੇਬਸ ਅਤੇ ਸਰਟੀਫਿਕੇਟਾਂ ਦੀ ਕਾਪੀ ਸਮੇਤ) ਬਣਾ ਕੇ ਭੇਜਣਾ ਲਾਜ਼ਮੀ ਹੋਵੇਗਾ। ਜੇਕਰ ਅਜਿਹੇ ਕੇਸਾਂ ਵਿੱਚ ਬਿਨ੍ਹਾਂ ਯੂਨੀਵਰਸਿਟੀ ਦੁਆਰਾ ਪ੍ਰਵਾਨ ਕੀਤੇ ਡੈਫੀਸ਼ੈਂਟ ਪੇਪਰਾਂ ਦੇ ਹੀ ਕਾਲਜ ਵਲੋਂ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਕੀਤਾ ਜਾਂਦਾ ਤਾਂ ਕਾਲਜ ਵਿਰੁੱਧ ਬਣਦੀ ਕਾਰਵਾਈ ਅਤੇ ਜੁਰਮਾਨਾ ਕੀਤਾ ਜਾਵੇਗਾ। ਅਧੂਰੇ ਕੇਸਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਉਪਰੋਕਤ ਲੜੀ ਨੰ: 3 (i & ii ) ਵਿਦਿਆਰਥੀਆਂ ਦੇ ਕੇਸ ਮੁਕੰਮਲ ਦਸਤਾਵੇਜ਼ਾਂ ਸਹਿਤ ਪ੍ਰਵਾਨਗੀ ਹਿੱਤ ਹੇਠਾਂ ਦਰਸਾਈਆਂ ਮਿਤੀਆਂ ਤੱਕ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫ਼ਤਰ ਵਿਖੇ ਪੁੱਜਦੇ ਕੀਤੇ ਜਾਣ:

| | |
| --- | --- |
| ਬਿਨਾਂ ਲੇਟ ਫੀਸ | 17-9-2019 ਤੱਕ |
| 3000/- ਰੁ: ਲੇਟ ਫੀਸ ਨਾਲ | 18-9-2019 ਤੋਂ 22-09-2019 ਤੱਕ |
| 5000/- ਰੁ: ਲੇਟ ਫੀਸ ਨਾਲ | 23-09-2019 ਤੋਂ 30-09-2019 ਤੱਕ |

4. ਜਿਹੜੇ ਵਿਦਿਆਰਥੀਆਂ ਦੀ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੇ ਕੋਰਸਾਂ ਵਿਚ ਸਰਕਾਰੀ ਨੌਕਰੀ ਲੱਗ ਜਾਂਦੀ ਹੈ ਉਨ੍ਹਾਂ ਵਿਦਿਆਰਥੀਆਂ ਨੂੰ ਹੇਠ ਲਿਖੀਆਂ ਸ਼ਰਤਾਂ ਤਹਿਤ ਫੀਸ ਅਤੇ ਵਿਦਿਆਰਥੀ ਦੇ ਨਿਯੁਕਤੀ ਪੱਤਰ ਦੀ ਕਾਪੀ ਪ੍ਰਾਪਤ ਹੋਣ ਉਪਰੰਤ ਪ੍ਰਵਾਨਗੀ ਦਿੱਤੀ ਜਾਵੇਗੀ:-

   1. ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੇ ਕੋਰਸਾਂ ਵਿਚ ਜਿਨ੍ਹਾਂ ਵਿਦਿਆਰਥੀਆਂ ਦੀ ਸਰਕਾਰੀ ਨੌਕਰੀ ਲੱਗ ਜਾਂਦੀ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਰੈਗੂਲਰ ਤੌਰ ਤੇ ਅਪੀਅਰ ਹੋਣ ਲਈ ਲੈਕਚਰਾਂ ਵਿਚ ਛੋਟ ਦਿੱਤੀ ਜਾਵੇਗੀ।
   2. ਅਜਿਹੇ ਵਿਦਿਆਰਥੀਆਂ ਤੋਂ ਵਿਸ਼ੇਸ਼ ਕੇਸ ਵਜੋਂ ਪ੍ਰੀਖਿਆ ਵਿਚ ਅਪੀਅਰ ਹੋਣ ਲਈ 10,000/- ਰੁਪਏ (ਪ੍ਰਤੀ ਵਿਦਿਆਰਥੀ) ਫੀਸ ਵਸੂਲ ਕੀਤੀ ਜਾਵੇਗੀ।
   3. ਅਜਿਹੇ ਵਿਦਿਆਰਥੀਆਂ ਨੂੰ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੀ ਪ੍ਰੀਖਿਆ ਦੇਣ ਲਈ ਨਿਯੁਕਤੀ ਪੱਤਰ ਵਿਚ ਦਰਜ ਸ਼ਰਤਾਂ ਅਨੁਸਾਰ ਸਬੰਧਤ ਵਿਭਾਗ ਤੋਂ ਪੂਰਵ ਪ੍ਰਵਾਨਗੀ ਲੈਣੀ ਹੋਵੇਗੀ।
   4. ਜਿਹੜੇ ਕੋਰਸਾਂ ਦੇ ਪ੍ਰੈਕਟੀਕਲ ਹੁੰਦੇ ਹਨ, ਉਨ੍ਹਾਂ ਕੋਰਸਾਂ ਦੇ ਵਿਦਿਆਰਥੀ ਕਾਲਜ ਦੇ ਪ੍ਰਿੰਸੀਪਲ ਨਾਲ ਸੰਪਰਕ ਕਰਕੇ ਵਾਧੂ ਸਮੇਂ ਜਾਂ ਛੁੱਟੀ ਵਾਲੇ ਦਿਨ ਪ੍ਰੈਕਟੀਕਲ ਲਗਾਉਣਗੇ। ਇਸ ਤੋਂ ਇਲਾਵਾ ਜਿਨ੍ਹਾਂ ਕੋਰਸਾਂ ਵਿਚ ਇੰਟਰਨਲ ਅਸੈਸਮੈਂਟ ਦੀ ਵਿਵਸਥਾ ਹੈ, ਉਨ੍ਹਾਂ ਦੀ ਇੰਟਰਨਲ ਅਸੈਸਮੈਂਟ ਭੇਜਣ ਦੀ ਜ਼ਿੰਮੇਵਾਰੀ ਵੀ ਸਬੰਧਤ ਕਾਲਜ ਦੇ ਪ੍ਰਿੰਸੀਪਲ ਦੀ ਹੋਵੇਗੀ।
   5. ਇਹ ਸੁਵਿਧਾ ਕੇਵਲ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੇ ਕੋਰਸਾਂ ਲਈ ਹੈ। ਇੱਕ ਤੋਂ ਵੱਧ ਸਮੈਸਟਰ ਅਤੇ ਸਾਲ ਵਾਲੇ ਵਿਦਿਆਰਥੀਆਂ ਦੇ ਕੇਸ ਕਾਲਜ ਸੈਕਸ਼ਨ ਨੂੰ ਪ੍ਰਵਾਨਗੀ ਲਈ ਨਾ ਭੇਜੇ ਜਾਣ, ਇਨ੍ਹਾਂ ਵਿਦਿਆਰਥੀਆਂ ਨੂੰ ਇਹ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

5. ਡੈਫੀਸ਼ੈਂਟ ਪੇਪਰ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ ਦੀ ਪ੍ਰਵਾਨਗੀ ਲੋੜੀਂਦੇ ਦਸਤਾਵੇਜ਼ਾਂ (ਸਿਲੇਬਸ, ਮੈਟ੍ਰਿਕ, 10+2 ਦੇ ਸਰਟੀਫਿਕੇਟ ਆਦਿ) ਸਮੇਤ ਦਿੱਤੀ ਜਾਂਦੀ ਹੈ ਪਰੰਤੂ ਕਈ ਕਾਲਜ ਲੇਟ ਫੀਸ ਤੋਂ ਬਚਾਅ ਲਈ ਲੋੜੀਂਦੇ ਦਸਤਾਵੇਜ਼ਾਂ ਦੇ ਬਿਨ੍ਹਾਂ ਹੀ ਭਾਵ ਅਧੂਰੇ ਕੇਸ ਜਮ੍ਹਾਂ ਕਰਵਾ ਦਿੰਦੇ ਹਨ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਕੇਸ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜ਼ਾਂ ਨਾਲ ਹੀ ਭੇਜੇ ਜਾਣ, ਅਧੂਰੇ ਕੇਸ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

6. ਕਾਲਜ ਕੇਵਲ ਉਹ ਕੋਰਸ/ਵਿਸ਼ੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦਾਖਲ/ਮਾਈਗ੍ਰੇਟ ਕਰਨਗੇ ਜਿਹੜੇ ਕੋਰਸ/ਵਿਸ਼ੇ ਸਬੰਧਤ ਕਾਲਜ ਵਿਖੇ ਪੜ੍ਹਾਏ ਜਾਂਦੇ ਹਨ। ਕਈ ਵਾਰ ਕਾਲਜਾਂ ਵੱਲੋਂ ਵਿਦਿਆਰਥੀਆਂ ਨੂੰ ਨਿਰਧਾਰਤ ਨਿਯਮਾਂ ਦੇ ਉਲਟ ਵੱਖ-ਵੱਖ ਕੋਰਸਾਂ ਵਿਚ ਦਾਖਲਾ ਅਤੇ ਵਿਸ਼ੇ/ਪ੍ਰੈਕਟੀਕਲ ਵਿਸ਼ੇ ਪੜ੍ਹਨ ਲਈ ਦੇ ਦਿੱਤੇ ਜਾਂਦੇ ਹਨ ਜਿਸ ਕਾਰਨ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਲਈ ਸਮੱਸਿਆ ਉਤਪੰਨ ਹੋ ਜਾਂਦੀ ਹੈ, ਅਜਿਹੇ ਕੇਸਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

7. ਸੈਸ਼ਨ 2019-20 ਤੋਂ ਸਾਲਾਨਾ/ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿੱਚ ਪੁਨਰ-ਮੁਲਾਂਕਣ ਦੇ ਆਧਾਰ ਤੇ ਅਗਲੀ ਕਲਾਸ ਵਿਚ ਦਾਖਲਾ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਕਰਨ ਦੀ ਸੁਵਿਧਾ ਸਮੈਸਟਰ ਸਿਸਟਮ ਅਧੀਨ 14-09-2019 ਅਤੇ ਸਲਾਨਾ ਪ੍ਰਣਾਲੀ ਅਧੀਨ 30-11-2019 ਤੱਕ ਹੋਵੇਗੀ। ਇਸ ਉਪਰੰਤ ਪੁਨਰ-ਮੁਲਾਂਕਣ ਦੇ ਆਧਾਰ ਤੇ ਵੱਖ-ਵੱਖ ਕੋਰਸਾਂ (ਸਮੈਸਟਰ/ਸਲਾਨਾ ਪ੍ਰਣਾਲੀ) ਦੇ ਲੇਟ ਘੋਸ਼ਿਤ ਨਤੀਜੇ ਦੀ ਸੂਰਤ ਵਿਚ ਦਾਖਲੇ ਲਈ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ।ਅਜਿਹੇ ਕੇਸਾਂ ਵਿੱਚ ਰਜਿਸਟ੍ਰੇਸ਼ਨ ਰਿਟਰਨ/ਪ੍ਰੀਖਿਆ ਫਾਰਮ ਦਾਖਲੇ ਦੀ ਅੰਤਿਮ ਮਿਤੀ ਤੋਂ 5 ਦਿਨਾਂ ਦੇ ਅੰਦਰ-ਅੰਦਰ ਬਿਨ੍ਹਾਂ ਲੇਟ ਫੀਸ ਅਤੇ ਇਸ ਉਪਰੰਤ ਬਣਦੀ ਲੇਟ ਫੀਸ ਨਾਲ ਭਰਨ ਦੀ ਪ੍ਰਵਾਨਗੀ ਹੋਵੇਗੀ। (ਜੇਕਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਵੱਖ-ਵੱਖ ਕੋਰਸਾਂ ਨਾਲ ਸਬੰਧਤ ਨਤੀਜੇ ਲੇਟ ਘੋਸ਼ਿਤ ਹੁੰਦੇ ਹਨ, ਤਾਂ ਉਕਤ ਸਬੰਧੀ **revised** ਮਿਤੀਆਂ ਬਾਰੇ ਕਾਲਜਾਂ ਨੂੰ ਵੱਖਰੇ ਤੌਰ ਤੇ ਸਰਕੂਲਰ ਜਾਰੀ ਕਰ ਦਿੱਤਾ ਜਾਵੇਗਾ)।

8. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ; ਬੋਰਡ ਆਫ਼ ਸਕੂਲ ਐਜੂਕੇਸ਼ਨ, ਹਰਿਆਣਾ; ਹਿਮਾਚਲ ਪ੍ਰਦੇਸ਼ ਬੋਰਡ ਆਫ਼ ਸਕੂਲ ਐਜੂਕੇਸ਼ਨ; ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕੀਤੀ ਹੈ ਤਾਂ ਕਾਲਜ ਨੂੰ ਅਜਿਹੇ ਵਿਦਿਆਰਥੀਆਂ ਨੂੰ ਦਾਖਲੇ ਕਰਨ ਤੋਂ ਪਹਿਲਾਂ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ/Eligibility ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਪਾਤਰਤਾ ਸਰਟੀਫਿਕੇਟ ਲਏ ਬਿਨ੍ਹਾਂ ਕੀਤੇ ਗਏ ਦਾਖਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਸੂਰਤ ਵਿਚ ਨਹੀਂ ਦਿੱਤੀ ਜਾਵੇਗੀ। ਸਪੱਸ਼ਟ ਕੀਤਾ ਜਾਂਦਾ ਹੈ ਕਿ ਰੈਗੂਲਰ ਵਿਦਿਆਰਥੀਆਂ ਦੀ ਪਾਤਰਤਾ ਚੈਕ ਕਰਨ ਦੀ ਜ਼ਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।ਪਾਤਰਤਾ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਪੱਸ਼ਟੀਕਰਨ/ਜਾਣਕਾਰੀ ਲਈ ਡਿਪਟੀ ਰਜਿਸਟਰਾਰ(ਰਜਿਸਟ੍ਰੇਸ਼ਨ) ਨਾਲ ਸੰਪਰਕ/ਪੱਤਰ ਵਿਹਾਰ ਕੀਤਾ ਜਾਵੇ।

9. ਕਿਸੇ ਵੀ ਨਵੇਂ ਕਾਲਜ ਨੂੰ ਜੇਕਰ ਸਬੰਧਤਾ ਪ੍ਰਦਾਨ ਕੀਤੀ ਜਾਂਦੀ ਹੈ ਜਾਂ ਸਬੰਧਤ ਕਾਲਜਾਂ ਵਿਖੇ ਕੋਈ ਨਵਾਂ ਕੋਰਸ/ਵਿਸ਼ਾ ਸ਼ੁਰੂ ਕੀਤਾ ਜਾਂਦਾ ਹੈ ਤਾਂ 10 ਦਿਨਾਂ ਦਾ ਸਮਾਂ ਬਿਨਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਸ਼ਡਿਊਲ ਅਨੁਸਾਰ ਬਣਦੀ ਲੇਟ ਫੀਸ ਨਾਲ ਦਾਖਲੇ ਕਰਨ ਦੀ ਪ੍ਰਵਾਨਗੀ ਹੋਵੇਗੀ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕੋਰਸ/ਕਲਾਸ ਦੀ ਰਿਟਰਨ ਅਤੇ ਪ੍ਰੀਖਿਆਂ ਫਾਰਮ ਭਰਨ ਦੀ ਮਿਤੀ ਲੰਘ ਚੁੱਕੀ ਹੈ ਤਾਂ ਅਜਿਹੇ ਕਾਲਜਾਂ ਨੂੰ ਉਨ੍ਹਾਂ ਕੋਰਸਾਂ/ਕਲਾਸਾਂ ਦੀ ਰਿਟਰਨ/ਪ੍ਰੀਖਿਆਂ ਫਾਰਮ ਤਿੰਨ ਕੰਮ-ਕਾਜੀ ਦਿਨਾਂ ਵਿੱਚ ਬਿਨ੍ਹਾਂ ਲੇਟ ਫੀਸ ਅਤੇ ਇਸ ਉਪਰੰਤ ਬਣਦੀ ਲੇਟ ਫੀਸ ਨਾਲ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

ਇਥੇ ਇਹ ਸਪਸ਼ਟ ਹੈ ਕਿ ਜੇਕਰ ਦਾਖਲਿਆਂ ਦੇ ਸ਼ਡਿਊਲ ਤੋ ਬਾਅਦ ਕਿਸੇ ਕੋਰਸ/ਵਿਸ਼ੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਉਸ ਸੂਰਤ ਵਿਚ ਕਾਲਜ ਵੱਲੋਂ ਉਸ ਕੋਰਸ/ਵਿਸ਼ੇ ਵਿਚ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਲੈਕਚਰ ਪੂਰੇ ਕਰਵਾਉਣ/ਅੰਡਰ-ਟੇਕਿੰਗ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

10. ਐਜੂਕੇਸ਼ਨ/ਫਿਜ਼ੀਕਲ ਐਜੂਕੇਸ਼ਨ/ਬੀ.ਐਡ./ਬੀ.ਪੀ.ਐਡ/ਲਾਅ ਕੋਰਸ ਜਾਂ ਕਿਸੇ ਹੋਰ ਕੋਰਸ ਦੇ ਦਾਖਲਿਆਂ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਲੋਅ ਵਿੱਚ ਦਾਖਲੇ ਕੀਤੇ ਜਾਣਗੇ। ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਦੇ ਆਧਾਰ ਤੇ ਕੀਤੇ ਜਾਣ ਵਾਲੇ ਦਾਖਲਿਆ ਸਬੰਧੀ ਪੰਜਾਬ ਸਰਕਾਰ/ਕੋਆਰਡੀਨੇਟਰ ਵਲੋਂ ਕਾਊਂਸਲਿੰਗ ਬੰਦ ਕਰਨ ਉਪਰੰਤ ਸਬੰਧਤ ਕੋਰਸਾਂ ਵਿੱਚ ਖਾਲੀ ਸੀਟਾਂ ਤੇ ਦਾਖਲੇ ਕਾਲਜਾਂ ਨੂੰ ਆਪਣੇ ਪੱਧਰ ਤੇ ਕਰਨ ਲਈ ਕਿਹਾ ਜਾਂਦਾ ਹੈ ਤਾਂ ਇਸ ਸਬੰਧੀ ਉਨ੍ਹਾਂ ਵਲੋਂ ਜਾਰੀ ਪੱਤਰ ਦੀ ਲੋਅ ਵਿੱਚ ਦਾਖਲੇ ਲਈ ਯੂਨੀਵਰਸਿਟੀ ਵਲੋਂ ਬਣਦੀ ਲੇਟ ਫੀਸ ਨਾਲ ਦਾਖਲੇ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

11. ਐਮ.ਏ (ਐਜੂਕੇਸ਼ਨ) ਦੇ ਦਾਖਲਿਆਂ ਤੇ ਯੂਨੀਵਰਸਿਟੀ ਵਲੋਂ ਨਿਰਧਾਰਿਤ ਇਹ ਸ਼ਡਿਊਲ ਹੀ ਲਾਗੂ ਹੋਵੇਗਾ। ਐਮ.ਏ(ਐਜੂਕੇਸ਼ਨ) ਲਈ ਨਿਰਧਾਰਿਤ 25 ਸੀਟਾਂ ਤੋਂ ਵੱਧ ਵਿਦਿਆਰਥੀਆਂ ਵੱਲੋਂ ਬਿਨੈ ਕਰਨ ਦੀ ਸੂਰਤ ਵਿੱਚ ਹੀ ਯੂਨੀਵਰਸਿਟੀ ਨੁਮਾਇੰਦੇ ਦੀ ਨਿਯੁਕਤੀ ਕੀਤੀ ਜਾਵੇਗੀ। ਬਿਨੈ-ਪੱਤਰ 25 ਜਾਂ ਇਸ ਤੋਂ ਘੱਟ ਪ੍ਰਾਪਤ ਹੋਣ ਦੀ ਸੂਰਤ ਵਿੱਚ ਕਾਲਜ ਵਲੋਂ ਆਪਣੇ ਪੱਧਰ ਤੇ ਪਾਤਰਤਾ ਚੈੱਕ ਕਰਦੇ ਹੋਏ ਦਾਖਲੇ ਮੈਰਿਟ ਦੇ ਆਧਾਰ 'ਤੇ ਕੀਤੇ ਜਾਣਗੇ।

12. ਲੇਟ ਫੀਸ ਨਾਲ ਕੀਤੇ ਦਾਖਲੇ ਅਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਪੜ੍ਹਨ/ਪ੍ਰੀਖਿਆ ਦੇਣ ਦੀ ਪ੍ਰਵਾਨਗੀ ਸਬੰਧੀ ਵਿਦਿਆਰਥੀਆਂ ਦੀ ਸੂਚੀ (ਮੁੱਢਲਾ ਗਿਆਨ ਦੇ ਕੇਸਾਂ ਵਿੱਚ ਕੇਵਲ ਸੂਚੀ) ਕਾਲਜ ਸੈਕਸ਼ਨ ਦੀ E-Mail ID (pup.collegesection@gmail.com) ਤੇ ਭੇਜਣੀ ਵੀ ਲਾਜ਼ਮੀ ਹੋਣਗੇ। ਸਾਫਟ ਕਾਪੀ ਨਾ ਭੇਜਣ ਦੀ ਸੂਰਤ ਵਿੱਚ ਦਾਖਲਿਆਂ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਇਹ ਕੇਸ ਦਫ਼ਤਰ ਵਲੋਂ ਜਾਰੀ ਪ੍ਰੋਫਾਰਮੇ (ਨੱਥੀ) ਅਨੁਸਾਰ ਹੀ ਭੇਜੇ ਜਾਣ। ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)/ਡੈਫੀਸ਼ੈਂਟ ਪੇਪਰਾਂ ਦੇ ਕੇਸਾਂ ਵਿੱਚ ਯੂਨੀਵਰਸਿਟੀ ਵਿਖੇ ਕੇਵਲ ਹਾਰਡ ਕਾਪੀ ਪ੍ਰਾਪਤ ਹੋਣ ਦੀ ਮਿਤੀ ਨੂੰ ਹੀ ਲੇਟ ਫੀਸ ਵਜੋਂ ਵਿਚਾਰਿਆ ਜਾਵੇਗਾ। ਕਾਲਜ ਵਲੋਂ ਸਾਫਟ ਕਾਪੀ ਭੇਜਣ ਦੀ ਮਿਤੀ ਦੇ ਆਧਾਰ ਤੇ ਲੇਟ ਫੀਸ ਤੋਂ ਛੋਟ ਨਹੀਂ ਹੋਵੇਗੀ।

13. ਰੈਗੂਲਰ ਵਿਦਿਆਰਥੀਆਂ ਦੀ ਪਾਤਰਤਾ ਚੈੱਕ ਕਰਨ ਦੀ ਜ਼ਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ। ਪਾਤਰਤਾ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਪੱਸ਼ਟੀਕਰਨ ਲਈ ਡਿਪਟੀ ਰਜਿਸਟਰਾਰ (ਰਜਿਸਟ੍ਰੇਸ਼ਨ) ਨਾਲ ਸੰਪਰਕ/ਪੱਤਰ ਵਿਹਾਰ ਕੀਤਾ ਜਾਵੇ।

14. Even ਸਮੈਸਟਰ ਦੇ ਦਾਖਲੇ ਕਾਲਜਾਂ ਵਲੋਂ ਆਪਣੇ ਪੱਧਰ ਤੇ ਕੀਤੇ ਜਾਣਗੇ ਭਾਵ ਯੂਨੀਵਰਸਿਟੀ ਵਿਖੇ ਅਜਿਹੇ ਕੇਸ ਪ੍ਰਵਾਨਗੀ ਲਈ ਨਹੀਂ ਭੇਜੇ ਜਾਣਗੇ ਅਤੇ ਅਜਿਹੇ ਕੇਸਾਂ ਵਿੱਚ ਵਿਦਿਆਰਥੀ ਦਾ ਗੈਪ ਪੀਰੀਅਡ ਹੋਣ ਦੀ ਸੂਰਤ ਵਿੱਚ ਲੋੜੀਂਦੇ ਸਬੂਤ/ਸਵੈ-ਘੋਸ਼ਣਾ ਪੱਤਰ ਲੈਣ/ਪਾਤਰਤਾ/ਸਮੇਂ ਸੀਮਾ ਚੈਕ ਕਰਨ ਦੀ ਜ਼ਿੰਮੇਵਾਰੀ ਕਾਲਜ ਦੀ ਹੋਵੇਗੀ। ਇਸ ਤੋਂ ਇਲਾਵਾ ਜੇਕਰ ਵਿਦਿਆਰਥੀ ਇੱਕ ਸਮੈਸਟਰ ਦੀ ਪ੍ਰੀਖਿਆ ਨਹੀਂ ਦੇ ਪਾਉਂਦਾ ਹੈ ਤਾਂ ਉਸਨੂੰ ਅਗਲੇ ਸਮੈਸਟਰ/ਸੈਸ਼ਨ ਨਾਲ ਪ੍ਰੀਖਿਆ ਦੇਣ ਦੀ ਪ੍ਰਵਾਨਗੀ ਕਾਲਜਾਂ ਵਲੋਂ ਆਪਣੇ ਪੱਧਰ ਤੇ ਵਿਦਿਆਰਥੀ ਦੀਆਂ ਹਾਜ਼ਰੀਆਂ/ਪਾਤਰਤਾ ਸਬੰਧੀ ਸ਼ਰਤਾਂ ਪੂਰੀਆ ਕਰਨ ਉਪਰੰਤ ਕਾਰਵਾਈ ਕੀਤੀ ਜਾਵੇਗੀ। ਪਰੰਤੂ ਜੇਕਰ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਰਿਟਰਨ ਯੂਨੀਵਰਸਿਟੀ ਵਿਖੇ ਪ੍ਰਾਪਤ ਨਹੀਂ ਹੋਈ ਤਾਂ ਇਹ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

15. ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਕਾਲਜ ਦਾ AISHE Portal ਤੇ ਡਾਟਾ ਅਪਲੋਡ ਕਰਨ ਅਤੇ ਯੂ.ਜੀ.ਸੀ/ਪੰਜਾਬ ਸਰਕਾਰ ਵੱਲੋ ਸਮੇਂ ਸਮੇਂ ਸਿਰ ਮੰਗੀ ਜਾਂਦੀ ਜਾਣਕਾਰੀ/ਸੂਚਨਾ ਲਈ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਾਲਜਾਂ ਵੱਲੋ ਨਿਰਧਾਰਤ ਮਿਤੀ ਤੱਕ ਡਾਟਾ ਅਪਲੋਡ ਨਹੀ ਕੀਤਾ ਜਾਂਦਾ ਜਾਂ ਮੰਗੀ ਜਾਂਦੀ ਸੂਚਨਾ/ਜਾਣਕਾਰੀ ਨਹੀਂ ਭੇਜੀ ਜਾਂਦੀ ਤਾਂ ਅਜਿਹੇ ਕਾਲਜਾਂ ਦੀ ਐਫੀਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

16. ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅੰਤਰ-ਕਾਲਜ ਖੇਤਰੀ ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਵੱਲੋ ਮੇਜ਼ਬਾਨ ਕਾਲਜ ਨੂੰ ਦਿੱਤੀ ਜਾਣ ਵਾਲੀ ਬਣਦੀ ਐਂਟਰੀ ਫੀਸ ਸਮੇਂ ਸਿਰ ਜਮ੍ਹਾਂ ਕਰਵਾਈ ਜਾਵੇ।

17. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੂਨੀਵਰਸਿਟੀ ਨਾਲ ਸੰਬੰਧਤ ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਰਾਈਟ-ਟੂ-ਸਰਵਿਸ ਐਕਟ ਅਧੀਨ ਕਾਲਜਾਂ ਵੱਲੋਂ ਨੋਡਲ ਅਫ਼ਸਰ ਨਿਯੁਕਤ ਕਰਕੇ ਇਹਨਾਂ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਹਿੱਤ ਪੰਜਾਬੀ ਯੂਨੀਵਰਸਿਟੀ ਵਿਖੇ ਨਿਯੁਕਤ ਨੋਡਲ ਅਫ਼ਸਰ ਨਾਲ ਸੰਪਰਕ ਕਰਕੇ ਇਸ ਸੰਬੰਧ ਵਿਚ ਅਗਲੇਰੀ ਕਾਰਵਾਈ ਕਰਨੀ ਹੁੰਦੀ ਹੈ ਪ੍ਰੰਤੂ ਕਈ ਕਾਲਜਾਂ ਵਲੋਂ ਨਿਯਮਾਂ ਅਨੁਸਾਰ ਨੋਡਲ ਅਫਸਰ ਨਿਯੁਕਤ ਨਾ ਕਰਦੇ ਹੋਏ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਯਮਾਂ ਦੀ ਪਾਲਣਾ ਕਰਦੇ ਹੋਏ ਇਸ ਸਬੰਧ ਵਿਚ ਕਾਰਵਾਈ ਕਰਨ ਨੂੰ ਯਕੀਨੀ ਬਣਾਇਆ ਜਾਵੇ।

18. ਵੱਖ-ਵੱਖ ਏਜੰਸੀਆਂ/ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਸਿਰ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਵੱਖ-ਵੱਖ ਕੋਰਸਾਂ ਵਿਚ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਸੰਬੰਧੀ ਸੂਚਨਾ/ਜਾਣਕਾਰੀ ਮਿਤੀ ਬੱਧ ਸਮੇਂ ਵਿਚ ਮੰਗੀ ਜਾਂਦੀ ਹੈ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਾਖਲਿਆਂ ਦੀ ਸਮਾਪਤੀ ਉਪਰੰਤ ਵੱਖ-ਵੱਖ ਕੋਰਸਾਂ ਵਿਚ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੀ ਸੂਚਨਾ/ਜਾਣਕਾਰੀ ਕਾਲਜ ਸੈਕਸ਼ਨ ਵਿਖੇ ਈ-ਮੇਲ pup.collegesection@gmail.com ਰਾਹੀਂ ਭੇਜਣੀ ਲਾਜ਼ਮੀ ਹੋਵੇਗੀ। ਇਹ ਜਾਣਕਾਰੀ ਹੇਠ ਲਿਖੇ ਫਾਰਮੇਟ ਅਨੁਸਾਰ ਭੇਜੀ ਜਾਵੇ:-

| ਕੋਰਸ ਦਾ ਨਾਮ | ਲੜਕਿਆਂ ਦੀ ਗਿਣਤੀ | ਲੜਕੀਆਂ ਦੀ ਗਿਣਤੀ | ਕੁਲ ਗਿਣਤੀ | ਐਸ.ਸੀ. ਕੈਟਾਗਰੀ ਦੇ ਵਿਦਿਆਰਥੀਆਂ ਦੀ ਗਿਣਤੀ | ਹੋਰ ਕੈਟਾਗਰੀਆਂ ਅਧੀਨ ਆਉਂਦੇ ਵਿਦਿਆਰਥੀਆਂ ਦੀ ਗਿਣਤੀ |
|---|---|---|---|---|---|
| | | | | | |

19. ਕਈ ਵਿਦਿਆਰਥੀਆਂ ਦੀ ਬਿਨ੍ਹਾਂ ਪਾਤਰਤਾ ਚੈਕ ਕੀਤੇ ਰੋਲ ਨੰਬਰ ਜਾਰੀ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਇਨ੍ਹਾਂ ਦੇ ਨਤੀਜੇ ਰੁਕ ਜਾਂਦੇ ਹਨ। ਕਾਲਜਾਂ ਵਲੋਂ ਅਜਿਹੇ ਵਿਦਿਆਰਥੀਆਂ ਦੇ ਕੇਸ ਕਲਾਸ ਦੇ ਆਖਰੀ ਸਾਲ ਵਿੱਚ ਭੇਜ ਦਿੱਤੇ ਜਾਂਦੇ ਹਨ। ਇਸ ਪ੍ਰਥਾ ਨੂੰ ਰੋਕਣ ਲਈ ਕਾਲਜਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਬਿਨ੍ਹਾਂ ਪਾਤਰਤਾ ਚੈੱਕ ਕੀਤੇ ਵਿਦਿਆਰਥੀ ਦਾ ਦਾਖਲਾ ਨਾ ਕੀਤਾ ਜਾਵੇ।

20. ਕਾਲਜ ਸੈਕਸ਼ਨ ਵਿਖੇ ਕੁਝ ਅਜਿਹੇ ਕੇਸ ਵੀ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਵਿੱਚ ਵਿਦਿਆਰਥੀ ਹੋਰਨਾਂ ਯੂਨੀਵਰਸਿਟੀਆ ਤੋਂ ਮਾਈਗ੍ਰੇਟ ਹੋ ਕੇ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਦਾਖਲ ਹੁੰਦੇ ਹਨ। ਅਜਿਹੇ ਕੇਸਾਂ ਵਿੱਚ ਵਿਦਿਆਰਥੀਆਂ ਨੂੰ ਡੈਫੀਸ਼ੈਂਟ ਪੇਪਰ (ਜੇਕਰ ਬਣਦੇ ਹੋਣ) ਪਾਸ ਕਰਨੇ ਹੁੰਦੇ ਹਨ। ਪਰੰਤੂ ਪ੍ਰੀਖਿਆ ਸ਼ਾਖਾ/ਕਾਲਜਾਂ ਵਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਬਿਨ੍ਹਾਂ ਡੈਫੀਸ਼ੈਂਟ ਪੇਪਰਾਂ ਦੇ ਰੋਲ ਨੰਬਰ ਜਾਰੀ ਕਰ ਦਿੱਤੇ ਜਾਂਦੇ ਹਨ ਅਤੇ ਜਦੋਂ ਸਾਰੇ ਸਮੈਸਟਰ ਕਰਨ ਉਪਰੰਤ ਵਿਦਿਆਰਥੀਆਂ ਦਾ ਨਤੀਜਾ ਰੁਕ ਜਾਂਦਾ ਹੈ ਤਾਂ ਵਿਦਿਆਰਥੀਆਂ ਦੇ ਡੈਫੀਸ਼ੈਂਟ ਪੇਪਰਾਂ ਦੀ ਪ੍ਰਵਾਨਗੀ ਸਬੰਧੀ ਕੇਸ ਭੇਜ ਦਿੱਤੇ ਜਾਂਦੇ ਹਨ, ਜਿਸ ਕਾਰਨ ਕਾਫੀ ਸਮੱਸਿਆ/ਕਾਨੂੰਨੀ ਉਲਝਣ ਪੇਸ਼ ਆਉਂਦੀ ਹੈ। ਕਾਲਜਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਵਿਦਿਆਰਥੀਆਂ ਨੂੰ ਰੋਲ ਨੰਬਰ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨ ਉਪਰੰਤ ਹੀ ਜਾਰੀ ਕੀਤੇ ਜਾਣ।

21. ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਕੋਰਸਾਂ ਦੇ ਦਾਖਲੇ ਕੇਂਦਰੀ ਦਾਖਲਾ ਏਜੰਸੀ/ਪੰਜਾਬ ਸਰਕਾਰ ਵੱਲੋਂ ਕਰਵਾਏ ਜਾਂਦੇ ਹਨ ਉਨ੍ਹਾਂ ਕੋਰਸਾਂ ਲਈ ਨਿਰਧਾਰਤ ਦਾਖਲਾ ਸ਼ਡਿਊਲ ਉਪਰੰਤ ਕੋਈ ਦਾਖਲੇ ਦਾ ਕੇਸ ਕਾਲਜ ਸੈਕਸ਼ਨ ਵਿਖੇ ਨਾ ਭੇਜਿਆ ਜਾਵੇ ਕਿਉਂਕਿ ਅਜਿਹੇ ਦਾਖਲੇ ਯੂਨੀਵਰਸਿਟੀ ਵੱਲੋ ਨਹੀਂ ਕੀਤੇ ਜਾਂਦੇ।

22. ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਾਲਜ ਵਿਖੇ ਵਿਦਿਆਰਥੀਆਂ ਦੇ ਦਾਖਲੇ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਕੀਤੇ ਜਾਣ ਪਰੰਤੂ ਉਨ੍ਹਾਂ ਦੀਆਂ ਫੀਸਾਂ ਸਡਿਊਲ ਅਨੁਸਾਰ ਨਿਰਧਾਰਤ ਮਿਤੀ ਤੋਂ ਬਾਅਦ RTGS/ਡਰਾਫਟ ਵਿਧੀ ਰਾਹੀਂ ਅਗਲੇ ਕੰਮ-ਕਾਜ ਵਾਲੇ ਦਿਨ ਭੇਜਣੇ ਲਾਜ਼ਮੀ ਹੋਣਗੇ।

23. ਕਈ ਕਾਲਜਾਂ ਵਲੋਂ ਨਿਰਧਾਰਤ ਨਿਯਮਾਂ ਦੇ ਉਲਟ ਅਯੋਗ ਵਿਦਿਆਰਥੀਆਂ ਦੇ ਦਾਖਲੇ ਕਰ ਦਿੱਤੇ ਜਾਂਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੀ ਫੀਸ/ਲੇਟ ਫੀਸ ਬੈਂਕ ਡਰਾਫਟ ਰਾਹੀਂ ਵੀ ਭੇਜ ਦਿੱਤੀ ਜਾਂਦੀ ਹੈ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਅਯੋਗ ਵਿਦਿਆਰਥੀਆਂ ਦੇ ਦਾਖਲੇ ਦੀ ਪ੍ਰਵਾਨਗੀ ਕਿਸੇ ਵੀ ਸੂਰਤ ਵਿਚ ਨਹੀਂ ਦਿੱਤੀ ਜਾਵੇਗੀ ਅਤੇ ਕਾਲਜ ਵਲੋਂ ਅਜਿਹੇ ਦਾਖਲ ਕੀਤੇ ਗਏ ਵਿਦਿਆਰਥੀਆਂ ਦੀ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਈ ਗਈ ਫੀਸ/ਲੇਟ ਫੀਸ ਰੀਫੰਡ/ਐਡਜਸਟ ਨਹੀਂ ਕੀਤੀ ਜਾਵੇਗੀ।

24. ਦਫ਼ਤਰ ਵਲੋਂ ਜਾਰੀ ਪੱਤਰ ਨੰ:10015-115 ਮਿਤੀ 26/7/10 ਦੀ ਲਗਾਤਾਰਤਾ ਵਿੱਚ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਵੱਖ-ਵੱਖ ਕੋਰਸਾਂ ਲਈ ਨਿਰਧਾਰਿਤ ਸੀਟਾਂ ਵਿਚੋਂ ਹੀ ਪੰਜ ਸੀਟਾਂ ਉਚ ਕੋਟੀ ਦੇ ਖਿਡਾਰੀਆਂ ਲਈ ਰਾਖਵੀਆਂ ਹੋਣਗੀਆ। ਨਿਰਧਾਰਿਤ ਸੀਟਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ।

25. ਦਫ਼ਤਰ ਵਲੋਂ ਜਾਰੀ ਪੱਤਰ ਨੰ:8096-8244 ਮਿਤੀ 15/7/08 ਦੀ ਲਗਾਤਾਰਤਾ ਵਿੱਚ ਕੇਵਲ ਯੂਨੀਵਰਸਿਟੀ (ਸੈਂਟਰਲ ਏਜੰਸੀ ਨੂੰ ਛੱਡ ਕੇ) ਵਲੋਂ ਨਿਰਧਾਰਿਤ ਸੀਟਾਂ ਵਾਲੇ ਕੋਰਸਾਂ ਵਿੱਚ ਕਾਲਜਾਂ ਨੂੰ ਆਪਣੇ ਪੱਧਰ ਤੇ 15% ਸੀਟਾਂ ਦਾ ਵਾਧਾ ਕਰਨ ਦੀ ਪ੍ਰਵਾਨਗੀ ਹੋਵੇਗੀ। ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਨਿਯਮ ਸੈਂਟਰਲ ਏਜੰਸੀ ਵਲੋਂ ਨਿਰਧਾਰਿਤ ਸੀਟਾਂ ਵਾਲੇ ਕੋਰਸਾਂ ਤੇ ਲਾਗੂ ਨਹੀਂ ਹੋਵੇਗਾ।

26. ਕੁਝ ਕਾਲਜਾਂ ਵੱਲੋਂ ਲੇਟ ਦਾਖਲਾ ਫੀਸਾਂ ਜਦੋਂ Transfer (ਯੂਨੀਵਰਸਿਟੀ ਖਾਤੇ ਵਿੱਚ) ਕਰਵਾਈਆਂ ਜਾਂਦੀਆਂ ਹਨ ਤਾਂ ਇਹ ਹੋਰ ਫੀਸਾਂ ਜਿਵੇਂ ਰਜਿਸਟ੍ਰੇਸ਼ਨ ਰਿਟਰਨ ਜਾਂ ਪ੍ਰੀਖਿਆ ਫੀਸ ਆਦਿ ਦੇ ਨਾਲ ਹੀ ਜਮ੍ਹਾਂ ਕਰਵਾ ਕੇ ਰਿਪੋਰਟ ਭੇਜ ਦਿੱਤੀ ਜਾਂਦੀ ਹੈ, (ਇਹ ਰਕਮ ਕਾਫੀ ਜਿਆਦਾ ਅਤੇ ਕਈ RTGS ਨੰਬਰਾਂ ਵਿੱਚ ਹੁੰਦੀ ਹੈ) ਜਿਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਲੇਟ ਦਾਖਲਾ ਫੀਸ ਦਾ RTGS ਨੰਬਰ ਕਿਹੜਾ ਹੈ। ਇਸ ਲਈ ਲੇਟ ਦਾਖਲਿਆਂ ਦੀ ਫੀਸ ਬਾਕੀ ਫੀਸਾਂ ਤੋਂ ਵੱਖਰੇ ਤੌਰ ਤੇ RTGS /Transfer ਕਰਵਾਈ ਜਾਵੇ ਤਾਂ ਜੋ ਅਜਿਹੇ ਲੇਟ ਦਾਖਲਿਆਂ ਦੀ ਪ੍ਰਵਾਨਗੀ ਸਮੇਂ ਔਕੜ ਪੇਸ਼ ਨਾ ਆਵੇ।

27. ਸ਼ਡਿਊਲ ਵਿੱਚ ਕਿਸੇ ਵੀ ਨੁਕਤੇ ਸਬੰਧੀ ਸਪੱਸ਼ਟੀਕਰਨ ਲਈ ਦਫ਼ਤਰ ਦੇ ਫੋਨ ਨੰ: 0175-3046282 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡੀਨ, ਕਾਲਜ ਵਿਕਾਸ ਕੌਂਸਲ